ਚੜ੍ਹਦੀਕਲਾ
epaper.charhdikala.com
15 Jul 2023 - Page 4

## ਈ. ਐਸ. ਆਈ. ਅਧੀਨ ਕਵਰ ਸਾਰੇ ਬੀਮਾ ਧਾਰਕਾਂ ਦੇ ਕਾਰਡ ਆਧਾਰ ਕਾਰਨ ਨਾਲ ਲਿੰਕ ਹੋ ਰਹੇ: ਮੈਨੇਜਰ ਤਿਲਕ ਰਾਜ

# ਭੱਵਿਖ 'ਚ ਆਯੂਸ਼ਮਾਨ ਭਾਰਤ ਸਿਹਤ ਯੋਜਨਾ ਦਾ ਫਾਇੰਦਾ ਲੈ ਸਕਣਗੇ

ਧਾਰੀਵਾਲ, 14 ਜੁਲਾਈ (ਅਰੁਣ ਕੁਮਾਰ/ਅਸ਼ੋਕ ਕੁਮਾਰ): ਇੰਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਦੇਅਧੀਨ ਆਉਂਦੇ ਸਾਰੇ ਬੀਮਾ-ਧਾਰਕਾਂ ਦੇ ਈ. ਐਸ. ਆਈ. ਕਾਰਡ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਈ. ਐਸ. ਆਈ. ਸੀ. ਬ੍ਰਾਂਚ ਮੈਨੇਜਰ ਬਟਾਲਾ ਤਿਲਕ ਰਾਜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਵਰਤਮਾਨ ਵਿੱਚ ਰੁਜ਼ਗਾਰਦਾਤਾ ਸਿਰਫ ਨਵੇਂ ਕਰਮਚਾਰੀਆਂ ਦੀ ਰਜਿਸਟ੍ਰੇਸ਼ਨ ਕਰਨ ਮੌਕੇ ਆਧਾਰ ਕਾਰਡ ਦੇ ਵੇਰਵੇ ਈ. ਐਸ. ਆਈ. ਦੇ ਬੀਮਾ ਕਾਰਡ ਨਾਲ ਲਿੰਕ ਹੋ ਰਹੇ ਹਨ। ਮੈਨੇਜਰ ਤਿਲਕ ਰਾਜ ਨੇ ਦਫਤਰ ਅਧੀਨ ਪੈਂਦੇ ਸਾਰੇ ਰੁਜ਼ਗਾਰਦਾਤਾ ਨੂੰ ਅਪੀਲ ਕੀਤੀ ਕਿ ਮੌਜੂਦਾ ਸਾਰੇ ਬੀਮਾ-ਧਾਰਕਾਂ ਜਿਨ੍ਹਾਂ ਦਾ ਕੰਟਰੀਬੂਸ਼ਨ ਭੇਜਿਆ ਜਾ ਰਿਹਾ ਹੈ ਉਨ੍ਹਾਂ ਸਾਰਿਆਂ ਦੇ ਆਧਾਰ ਕਾਰਡ ਦੇ ਵੇਰਵੇ ਜਲਦ ਬੀਮਾ ਕਾਰਡ ਨਾਲ ਲਿੰਕ ਕੀਤਾ ਜਾਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਉਹ ਸਾਰੇ ਪਰਿਵਾਰ ਭੱਵਿਖ ਵਿੱਚ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਲੈ ਸਕਣ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਵਧੇਰੇ ਜਾਣੀਕਾਰ ਪ੍ਰਾਪਤ ਕਰਨ ਲਈ ਬਟਾਲਾ ਦਫਤਰ ਨਾਲ ਸਪੰਰਕ ਕੀਤਾ ਜਾ ਸਕਦਾ ਹੈ ।

